Punjab Government Gazette

Published by Authority

No. 15] CHANDIGARH, FRIDAY, APRIL 10, 2026 (CHAITRA 20, 1948 SAKA)

PART III

Notifications by High Court ; Labour Commissioner ; Advertisements ; Director of Lotteries, Punjab and Notices, etc.

ਪੰਜਾਬ ਸਰਕਾਰ

ਕਿਰਤ ਵਿਭਾਗ

(ਕਿਰਤ ਸ਼ਾਖਾ)

ਅਧਿਸੂਚਨਾ

ਮਿਤੀ 28 ਮਈ, 2025

ਨੰ:LD-LabOLCT/1/2020-4L/I/1112045/2025.- Sh.Anurag Sharma S/o Sh. Prem Chand Sharma ਵਲੋਂ ਮੈਸ: On Air Media Ltd.Patiala ਵਿਰੁੱਧ ਵੇਜਿਜ ਕਲੇਮ ਸਬੰਧੀ ਪ੍ਰਤੀਬੇਨਤੀ ਪ੍ਰਾਪਤ ਹੋਈ ਸੀ। ਇਸ ਪ੍ਰਤੀਬੇਨਤੀ ਦੇ ਸਨਮੁੱਖ ਸਹਾਇਕ ਕਿਰਤ ਕਮਿਸ਼ਨਰ ਪਟਿਆਲਾ ਵਲੋਂ ਦੋਵੇਂ ਧਿਰਾਂ ਵਿੱਚ ਸੁਲਾਹ ਸਫਾਈ ਦੀਆਂ ਬੈਠਕਾਂ ਰੱਖੀਆਂ ਗਈਆਂ ਪਰੰਤੂ ਪ੍ਰਬੰਧਕਾਂ ਵੱਲੋਂ ਨਾ ਤਾਂ ਕੋਈ ਅਧਿਕਾਰਤ ਪ੍ਰਤੀਨਿਧ ਹਾਜਰ ਹੋਇਆ ਨਾ ਹੀ ਉਹਨਾਂ ਵੱਲੋਂ ਪ੍ਰਾਰਥੀ ਦੀ ਦਰਖਾਸਤ ਬਾਰੇ ਕੋਈ ਜੁਆਬਦਾਵਾ ਹੀ ਪੇਸ਼ ਕੀਤਾ ਗਿਆ। ਸਹਾਇਕ ਕਿਰਤ ਕਮਿਸ਼ਨਰ ਪਟਿਆਲਾ ਵਲੋਂ ਪੇਸ਼ ਕੀਤੀ ਸਮਾਪਤੀ ਰਿਪੋਰਟ ਅਤੇ ਕਿਰਤ ਕਮਿਸ਼ਨਰ ਪੰਜਾਬ ਵਲੋਂ ਕੀਤੀ ਤਜਵੀਜ ਦੇ ਮੱਦੇਨਜ਼ਰ ਮੇਰੀ ਰਾਏ ਵਿੱਚ ਇਹ ਮਾਮਲਾ ਨਿਆਂ-ਨਿਰਣੈ ਲਈ ਭੇਜਣਾ ਬਣਦਾ ਹੈ। ਵਰਕਿੰਗ ਜਨਰਲਿਸਟ (ਕੰਡੀਸ਼ਨ ਆਫ ਸਰਵਿਸ ਐਂਡ ਮਿਸਲੇਨੀਅਸ ਪ੍ਰੋਵੀਜਨ) ਐਕਟ, 1955 ਦੀ ਧਾਰਾ 17(2) ਰਾਹੀਂ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਇੰਡਸਟ੍ਰੀਅਲ ਟ੍ਰਿਬਿਊਨਲ, ਪਟਿਆਲਾ ਨੂੰ Sh.Anurag Sharma ਦੇ ਵੇਜਿਜ/ ਏਰੀਅਰ ਸਬੰਧੀ ਕਲੇਮ ਕੇਸ ਦੇ ਹੇਠ ਦਰਸਾਏ ਨੁਕਤਿਆਂ ਤੇ ਨਿਆਂ ਨਿਰਣੇ ਲਈ ਅਵਾਰਡ 6 ਮਹੀਨੇ ਦੇ ਅੰਦਰ-ਅੰਦਰ ਦੇਣ ਲਈ ਭੇਜਦਾ ਹਾਂ:

"ਕੀ ਪ੍ਰਾਰਥੀ Sh.Anurag Sharma S/o Sh. Prem Chand Sharma ਵਰਕਿੰਗ ਜਨਰਲਿਸਟ (ਕੰਡੀਸ਼ਨ ਆਫ ਸਰਵਿਸ ਐਂਡ ਮਿਸਲੇਨੀਅਸ ਪ੍ਰੋਵੀਜਨ) ਐਕਟ,1955 ਦੀ ਧਾਰਾ 17(1) ਅਧੀਨ ਆਪਣੀ ਕਲੇਮ ਐਪਲੀਕੇਸ਼ਨ ਅਨੁਸਾਰ ਅਦਾਰੇ ਦੇ ਪ੍ਰਬੰਧਕਾਂ ਪਾਸੋਂ ਮਜਿਠਿਆ ਵੇਜ ਬੋਰਡ ਦੀਆਂ ਸਿਫਾਰਸਾਂ ਅਨੁਸਾਰ ਬਣਦੇ ਲਾਭ ਅਤੇ ਬਕਾਇਆ ਜਾਤ ਵਜੋਂ ਕੋਈ ਰਕਮ ਪ੍ਰਾਪਤ ਕਰਨ ਦਾ ਹੱਕਦਾਰ ਹੈ? ਜੇਕਰ ਹਾਂ ਤਾਂ ਕਿੰਨੀ ਅਤੇ ਕਿਸ ਵਿਸਥਾਰ ਨਾਲ?"

(ਮਨਵੇਸ਼ ਸਿੰਘ ਸਿੱਧੂ, ਆਈ.ਏ.ਐਸ)

ਸਕੱਤਰ, ਪੰਜਾਬ ਸਰਕਾਰ

ਕਿਰਤ ਵਿਭਾਗ

3682/4-2026/Pb. Govt. Press, S.A.S. Nagar